ISSN : 2395-4132

# THE EXPRESSION

## An International Multidisciplinary e-Journal

**Bimonthly Refereed & Indexed Open Access e-Journal**

The Expression Journal

Impact Factor 6.4

Vol. 11 Issue 4 August 2025

Editor-in-Chief : Dr. Bijender Singh

Email : editor@expressionjournal.com

www.expressionjournal.com

The Expression: An International Multidisciplinary e-Journal
(A Peer Reviewed and Indexed Journal with Impact Factor 6.4)
www.expressionjournal.com ISSN: 2395-4132

# ਜਪੁਜੀ ਸਾਹਿਬ ਅਤੇ ਭਾਰਤੀ ਮੱਤ - ਅੰਤਰ ਸੰਵਾਦ

**ਹਰਪ੍ਰੀਤ ਸਿੰਘ ਦੂਆ (ਡਾ.)**
**ਐਸੋਸੀਏਟ ਪ੍ਰੋਫੈਸਰ**
**ਪੰਜਾਬੀ ਵਿਭਾਗ**
**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਜਪੁਜੀ ਇੱਕ ਅਧਿਆਤਮਕ ਰਚਨਾ ਹੈ। ਇਸ ਦੀ ਵਿਚਾਰਾਤਮਕ ਪਿੱਠ ਭੂਮੀ ਦਾ ਵਿਸ਼ਲੇਸ਼ਣ ਕਰਦਿਆਂ ਜੇਕਰ ਇਹ ਕਹਿ ਦਿੱਤਾ ਜਾਵੇ ਕਿ ਜਪੁਜੀ ਸਾਹਿਬ ਅਤੇ ਭਾਰਤੀ ਮੱਤ ਅੰਤਰ ਸੰਵਾਦ ਕਰਦੇ ਨਜ਼ਰ ਆਉਂਦੇ ਹਨ ਤਾਂ ਇਹ ਗੱਲ ਬੜੀ ਯਥਾਰਥਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਭਾਰਤ ਦੇਸ਼ ਦਾ ਪ੍ਰਤਿਨਿਧ ਗ੍ਰੰਥ ਹੈ ਕਿਉਂਕਿ ਇਸ ਵਿਚ ਸਾਰੇ ਪ੍ਰਾਂਤਾਂ ਦੇ ਪ੍ਰਤੀਨਿਧ ਮਹਾਂ ਪੁਰਸ਼ਾਂ ਦੀ ਰਚਨਾ ਸ਼ਾਮਲ ਕੀਤੀ ਗਈ ਹੈ। ਇਕ ਹੋਰ ਗੱਲ ਧਿਆਨ ਵਿਚ ਰੱਖਣ ਵਾਲੀ ਇਹ ਹੈ ਕਿ ਇਸ ਗ੍ਰੰਥ ਵਿਚ ਘੱਟੋ ਘੱਟ ਪੰਜ ਸਦੀਆਂ-ਬਾਰ੍ਹਵੀਂ ਸਦੀ ਤੋਂ ਸਤਾਰਵੀਂ ਸਦੀ-ਵਿਚ ਹੋਏ ਭਗਤਾਂ ਤੇ ਗੁਰੂਆਂ ਦੇ ਬਚਨ ਸਾਂਭੇ ਗਏ ਹਨ । ਗੁਰੂ ਨਾਨਕ ਦੇਵ ਜਨਸਧਾਰਨ ਦੇ ਪ੍ਰਤੀਨਿਧ ਸਨ। ਉਨ੍ਹਾਂ ਨੇ ਆਮ ਲੋਕਾਂ ਦੀ ਉੱਨਤੀ ਲਈ ਬਹੁਤ ਸਾਰੇ ਇਲਾਕਿਆਂ ਦਾ ਦੌਰਾ ਕੀਤਾ। ਭਾਰਤੀ ਦਰਸ਼ਨ ਦੇ ਸੰਬੰਧ ਵਿੱਚ ਉਨ੍ਹਾਂ ਨੇ ਜੋ ਗਿਆਨ ਹਾਸਲ ਕੀਤਾ, ਉਸਨੂੰ ਲੋਕਾਂ ਦੀ ਜ਼ਰੂਰਤ ਦੇ ਮੁਤਾਬਕ ਨਵਾਂ ਰੂਪ ਦਿੱਤਾ । ਜਪੁਜੀ ਵਿੱਚ ਵਿਸ਼ੇਸ਼ ਤੌਰ ਤੇ ਵੇਦਾਂਤ ਦਾ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਬਹੁਤਾ ਪ੍ਰਭਾਵ ਹੈ। ਸੁਘੜ ਇਨਸਾਨੀਅਤ ਮਾਨਵੀ ਸੰਸਕ੍ਰਿਤੀ ਦੀ ਉਪਜ ਹੈ ਪਰ ਮਾਨਵਤਾ ਦੇ ਹਰ ਅੰਗ ਦੀ ਆਪਣੀ ਕੌਮੀ ਸੰਸਕ੍ਰਿਤੀ ਵੀ ਹੈ, ਭਾਰਤੀ ਮੱਤ ਜਿਸ ਦੀ ਪ੍ਰਤਿਨਿਧਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤ ਬਾਣੀ ਦੁਆਰਾ ਹੋਈ ਹੈ, ਉਸ ਦੇ ਵਿਸ਼ੇਸ਼ ਅੰਗ ਆਸਤਕਤਾ, ਧਰਮ, ਰਹੱਸਵਾਦ, ਆਦਰਸ਼ਵਾਦ, ਕਰਮਸ਼ੀਲਤਾ, ਜੀਣ-ਥੀਣ ਦਾ ਉਮਾਹ, ਵਿਸ਼ਵਾਸਾਂ ਤੇ ਵਿਚਾਰਾਂ ਦੀ ਭਿੰਨਤਾ ਦਾ ਆਦਰ- ਸਤਿਕਾਰ ਆਦਿ ਹਨ ।

**Keywords**

ਭਾਰਤੀ ਮੱਤ, ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁਜੀ ਸਾਹਿਬ, ਸਾਂਸਕ੍ਰਿਤਕ ਏਕਤਾ

## ਜਪੁਜੀ ਸਾਹਿਬ ਅਤੇ ਭਾਰਤੀ ਮੱਤ - ਅੰਤਰ ਸੰਵਾਦ

**ਹਰਪ੍ਰੀਤ ਸਿੰਘ ਦੂਆ (ਡਾ.)**
**ਐਸੋਸੀਏਟ ਪ੍ਰੋਫੈਸਰ**
**ਪੰਜਾਬੀ ਵਿਭਾਗ**
**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਭਾਰਤ ਦੇਸ਼ ਦੀ ਕਈ ਹਜ਼ਾਰ ਵਰ੍ਹਿਆਂ ਤੋਂ ਨਿਰੰਤਰ ਚਲੀ ਆ ਰਹੀ ਸਾਂਸਕ੍ਰਿਤਕ ਏਕਤਾ ਦਾ ਸਰੂਪ ਉਜਾਗਰ ਹੁੰਦਾ ਹੈ ਅਤੇ ਉਸ ਪ੍ਰਤੀ ਉਤਸ਼ਾਹ ਦਾ ਸੰਦੇਸ਼ ਵੀ ਮਿਲਦਾ ਹੈ। ਇਸ ਕਥਨ ਨੂੰ ਸਪਸ਼ਟ ਰੂਪ ਵਿਚ ਵੇਖਣ ਲਈ ਸਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਪੰਜਾਬ ਵਾਸੀ ਗੁਰੂਆਂ, ਭੱਟਾਂ ਤੇ ਹੋਰ ਮਹਾਂ ਪੁਰਸ਼ਾਂ ਦੀ ਬਾਣੀ ਹੀ ਨਹੀਂ ਹੈ, ਸਗੋਂ ਇਸ ਮਹਾਨ ਗ੍ਰੰਥ ਵਿਚ ਬੰਗਾਲ ਦੇ ਮਹਾਨ ਕ੍ਰਿਸ਼ਨ ਭਗਤ ਜੈਦੇਵ, ਮਹਾਂਰਾਸ਼ਟਰ ਦੇ ਪ੍ਰਸਿੱਧ ਭਗਤ ਨਾਮਦੇਵ, ਉਤਰ ਪ੍ਰਦੇਸ਼ ਦੇ ਵੈਸ਼ਨਵ ਗੋਸਵਾਮੀ ਰਾਮਾਨੰਦ, ਸੰਤ ਕਬੀਰ ਤੇ ਰਵਿਦਾਸ ਦੀ ਬਾਣੀ ਵੀ ਸ਼ਾਮਲ ਹੈ । ਭਾਰਤੀ ਰਹੱਸਵਾਦ ਵਿਚ ਇਸਲਾਮੀ ਰੌਂ ਵਿਚੋਂ ਉਪਜੇ ਸੂਫ਼ੀਮਤ ਦੀ ਰਹੱਸਮਈ ਧੁਨੀ ਚਿਰਾਂ ਤੋਂ ਸੰਮਿਲਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਲਈ ਭਾਰਤੀ ਸੂਫੀਆਂ ਦੇ ਪ੍ਰਮੁੱਖ ਪ੍ਰਤੀਨਿਧ ਸ਼ੇਖ਼ ਫ਼ਰੀਦ ਸ਼ੰਕਰਗੰਜ ਅਤੇ ਫ਼ਕੀਰ ਭੀਖਣ ਆਦਿ ਦੇ ਬਚਨ ਵੀ ਸਾਂਭ ਕੇ ਸੁਰੱਖਿਅਤ ਕੀਤੇ ਹੋਏ ਹਨ । ਸ੍ਰੀ ਤ੍ਰਿਲੋਚਨ, ਸ੍ਰੀ ਸੈਣ, ਭਗਤ ਪੀਪਾ, ਭਗਤ ਧੰਨਾ, ਸੂਰਦਾਸ ਆਦਿ ਦੀ ਰਚਨਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਹੈ । ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਭਾਰਤ ਦੇਸ਼ ਦਾ ਪ੍ਰਤਿਨਿਧ ਗ੍ਰੰਥ ਹੈ ਕਿਉਂਕਿ ਇਸ ਵਿਚ ਸਾਰੇ ਪ੍ਰਾਂਤਾਂ ਦੇ ਪ੍ਰਤਿਨਿਧ ਮਹਾਂ ਪੁਰਸ਼ਾਂ ਦੀ ਰਚਨਾ ਸ਼ਾਮਲ ਕੀਤੀ ਗਈ ਹੈ। ਇਕ ਹੋਰ ਗੱਲ ਧਿਆਨ ਵਿਚ ਰੱਖਣ ਵਾਲੀ ਇਹ ਹੈ ਕਿ ਇਸ ਗ੍ਰੰਥ ਵਿਚ ਘੱਟੋ ਘੱਟ ਪੰਜ ਸਦੀਆਂ-ਬਾਰ੍ਹਵੀਂ ਸਦੀ ਤੋਂ ਸਤਾਰਵੀਂ ਸਦੀ-ਵਿਚ ਹੋਏ ਭਗਤਾਂ ਤੇ ਗੁਰੂਆਂ ਦੇ ਬਚਨ ਸਾਂਭੇ ਗਏ ਹਨ । ਜੇ ਬਾਰੀਕੀ ਨਾਲ ਦੇਖਿਆ ਜਾਏ ਤਦ ਮੰਨੇ-ਪ੍ਰਮੰਨੇ ਸਿੱਧਾਂ, ਜੋਗੀਆਂ ਜਿਵੇਂ ਲੋਹਾਰੀਪਾ, ਚਰਪਟ ਆਦਿ ਦੇ ਬਚਨ ਜਾਂ ਉਨ੍ਹਾਂ ਦੇ ਵਿਚਾਰਾਂ ਦਾ ਸਾਰ ਵੀ ਇਸ ਗ੍ਰੰਥ ਵਿਚ ਸੁਰੱਖਿਅਤ ਹੈ। ਈਸਰ, ਗੋਰਖ, ਗੋਪੀ ਚੰਦ, ਚਰਪਟ, ਭਰਥਰੀ, ਆਦਿ ਦੇ ਵਿਚਾਰਾਂ ਨੂੰ ਵਾਰ ਰਾਮਕਲੀ ਦੇ ਮਹਲੇ ਪਹਿਲੇ ਦੇ ਸਲੋਕਾਂ ਵਿਚ ਘੋਖਿਆ- ਪਰਖਿਆ ਹੋਇਆ ਹੈ । ਸਪਸ਼ਟ ਹੈ ਕਿ ਭਾਰਤੀ ਮੱਤ ਦਾ ਜੋ ਰੂਪ ਇਹ ਗ੍ਰੰਥ ਚਿੱਤਰਦਾ ਹੈ ਉਹ ਪ੍ਰਮਾਣਿਕ ਹੈ ।

ਸੰਸਕ੍ਰਿਤੀ ਉਨ੍ਹਾਂ ਬੁਨਿਆਦੀ ਵਿਸ਼ਵਾਸਾਂ, ਵਿਚਾਰਾਂ, ਸੰਕਲਪਾਂ, ਧਾਰਮਿਕ ਭਾਵਨਾਵਾਂ, ਰੁਚੀਆਂ, ਆਸ਼ਿਆਂ, ਉਦੇਸ਼ਾਂ, ਆਸ਼ਾਵਾਂ, ਅੰਦੇਸ਼ਿਆਂ ਦਾ ਸਾਰ ਹੈ, ਜਿਨ੍ਹਾਂ ਕੌਮੀ ਜੀਵਨ ਨੂੰ ਸਿਆਣਪ ਭਰਪੂਰ, ਗਿਆਨਮਈ ਮਿਠਾਸ ਪ੍ਰਦਾਨ ਕੀਤੀ ਹੈ ਅਤੇ ਇਸ ਨੂੰ ਸਾਰਥਕ, ਸਮਰਥ, ਸੋਹਣਾ ਤੇ ਸੁਘੜ ਬਣਾਇਆ ਹੈ। ਸੁਘੜ ਇਨਸਾਨੀਅਤ ਮਾਨਵੀ ਸੰਸਕ੍ਰਿਤੀ ਦੀ ਉਪਜ ਹੈ ਪਰ ਮਾਨਵਤਾ ਦੇ ਹਰ ਅੰਗ ਦੀ

ਆਪਣੀ ਕੌਮੀ ਸੰਸਕ੍ਰਿਤੀ ਵੀ ਹੈ, ਭਾਰਤੀ ਮੱਤ ਜਿਸ ਦੀ ਪ੍ਰਤਿਨਿਧਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤ ਬਾਣੀ ਦੁਆਰਾ ਹੋਈ ਹੈ, ਉਸ ਦੇ ਵਿਸ਼ੇਸ਼ ਅੰਗ ਆਸਤਕਤਾ, ਧਰਮ, ਰਹੱਸਵਾਦ, ਆਦਰਸ਼ਵਾਦ, ਕਰਮਸ਼ੀਲਤਾ, ਜੀਣ-ਥੀਣ ਦਾ ਉਮਾਹ, ਵਿਸ਼ਵਾਸਾਂ ਤੇ ਵਿਚਾਰਾਂ ਦੀ ਭਿੰਨਤਾ ਦਾ ਆਦਰ- ਸਤਿਕਾਰ ਆਦਿ ਹਨ ।

ਕਿਸੇ ਦਾਰਸ਼ਨਿਕ ਕਵੀ ਦੀ ਕਿਸੇ ਦਾਰਸ਼ਨਿਕ ਰਚਨਾ ਸੰਬੰਧੀ ਚਰਚਾ ਕਰਦਿਆਂ ਹੋਇਆਂ ਸਾਨੂੰ ਉਸਦੇ ਨਿਕਾਸ ਸੰਬੰਧੀ ਵਿਚਾਰ ਕਰਨੀ ਜ਼ਰੂਰੀ ਜਾਪਦੀ ਹੈ। ਸਮੁੱਚੇ ਵਿਸ਼ਵ ਵਿੱਚ ਕੋਈ ਵੀ ਅਜਿਹੀ ਰਚਨਾ ਜਾਂ ਮੱਤ ਨਹੀਂ, ਜਿਸਦੀ ਕਿ ਆਪਣੇ ਆਲੇ-ਦੁਆਲੇ ਨਾਲ ਜਾਂ ਉਸਦੇ ਪਹਿਲੇ ਮੱਤਾਂ ਮਤਾਤਰਾਂ ਨਾਲ ਕੋਈ ਸੰਬੰਧ ਨਾ ਹੋਵੇ। ਮਹਾਨ ਸਾਹਿਤਕਾਰ ਇਸ ਸ੍ਰਿਸ਼ਟੀ ਤੇ ਆ ਕੇ ਇੱਥੋਂ ਦੀ ਜਨਤਾ ਦੇ ਮਾਨਸਿਕ ਵੇਗ ਵਿੱਚ ਜਿੱਥੇ ਕੋਈ ਵਾਧਾ ਕਰ ਜਾਂਦੇ ਹਨ, ਉਥੇ ਉਨ੍ਹਾਂ ਦੀਆਂ ਤਰੁੱਟੀਆਂ ਨੂੰ ਦੂਰ ਕਰਕੇ ਸਮੁੱਚੇ ਪ੍ਰਵਾਹ ਦੀ ਨੁਹਾਰ ਹੀ ਬਦਲ ਜਾਂਦੇ ਹਨ। ਮਹਾਨ ਸਾਹਿਤਕਾਰ ਤਾਂ ਆਪਣੇ ਸਮੇਂ ਦੇ ਲੋਕਾਂ ਦੀ ਮਾਨਸਿਕ, ਸਦਾਚਾਰਕ ਅਤੇ ਆਰਥਿਕ ਹਾਲਾਤ ਨੂੰ ਦੇਖਕੇ ਬੜੇ ਉਸਾਰੂ ਅਤੇ ਉਪਯੋਗੀ ਰਾਹ ਜਨਤਾ ਦੇ ਸਾਹਮਣੇ ਰੱਖਦੇ ਹਨ। ਉਨ੍ਹਾਂ ਦੀ ਅਜਿਹੀ ਪੇਸ਼ਕਾਰੀ ਉੱਤੇ ਉਨ੍ਹਾਂ ਦੇ ਆਲੇ-ਦੁਆਲੇ ਦਾ ਪ੍ਰਭਾਵ ਹੁੰਦਾ ਹੈ ਪਰ ਉਹ ਜਿਹੜੀ ਰਚਨਾ ਜਾਂ ਮਾਰਗ ਨੂੰ ਜਿਸ ਰੂਪ ਵਿੱਚ ਜਨਤਾ ਦੇ ਸਾਹਮਣੇ ਪੇਸ਼ ਕਰਦੇ ਹਨ, ਉਹ ਬਿਲਕੁੱਲ ਹੀ ਨਵਾਂ-ਨਰੋਆ ਦਿਸ ਆਉਂਦਾ ਹੈ। ਵਿਦਵਾਨ ਇਹ ਕਹਿੰਦੇ ਹਨ ਕਿ ਦੋ ਧਰਮਾਂ ਜਾਂ ਦੋ ਰਚਨਾਵਾਂ ਵਿੱਚ ਕੋਈ ਸਾਂਝ ਹੈ ਪਰ ਕੱਟੜਪੰਥੀ ਇਹ ਕਹਿੰਦੇ ਹਨ ਕਿ ਜਿਸ ਧਰਮ ਜਾਂ ਵਿਚਾਰਧਾਰਾ ਦੇ ਉਹ ਪੈਰੋਕਾਰ ਹਨ, ਉਹ ਧਰਮ ਜਾਂ ਵਿਚਾਰਧਾਰਾ ਬਿਲਕੁਲ ਨਵੀਂ ਨਰੋਈ ਅਤੇ ਬੇਮਿਸਾਲ ਹੈ। ਪਰ ਇਹ ਗੱਲ ਕਿਸੇ ਸਾਹਿਤਕਾਰ ਜਾਂ ਮਹਾਨ ਵਿਅਕਤੀ ਦੀ ਮਹਾਨਤਾ ਨੂੰ ਘਟਾਉਂਦੀ ਹੈ ।

ਸਾਹਿਤਕਾਰ ਤਾਂ ਹਮੇਸ਼ਾ ਹੀ ਆਪਣੇ ਸਮੇਂ ਦੀ ਜਨਤਾ ਦੇ ਨਿਸ਼ਚਿਆ ਤੋਂ ਕੁਝ ਨਾ ਕੁਝ ਗ੍ਰਹਿਣ ਕਰ ਲੈਂਦੇ ਹਨ। ਕੁਝ ਨਿਸਚਿਆਂ ਨੂੰ ਉਹ ਸਹੀ ਰੂਪ ਵਿੱਚ ਗ੍ਰਹਿਣ ਕਰਦੇ ਹਨ ਅਤੇ ਕੁਝ ਨਿਸ਼ਚੇ ਜਾਂ ਵਿਸ਼ਵਾਸ ਜਿਹੜੇ ਮਨੁੱਖੀ ਹਿੱਤਾਂ ਲਈ ਵਿਨਾਸ਼ਕਾਰੀ ਹੁੰਦੇ ਹਨ, ਉਹ ਉਹਨਾਂ ਦੀ ਵਿਰੋਧਤਾ ਕਰਕੇ, ਉਨ੍ਹਾਂ ਦੀ ਥਾਂ ਕੁਝ ਨਵੇਂ, ਉਸਾਰੂ ਤੇ ਉਪਯੋਗੀ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ ।ਜਪੁਜੀ ਇੱਕ ਅਧਿਆਤਮਕ ਰਚਨਾ ਹੈ। ਇਸ ਦੀ ਵਿਚਾਰਾਤਮਕ ਪਿੱਠ ਭੂਮੀ ਦਾ ਵਿਸ਼ਲੇਸ਼ਣ ਕਰਦਿਆਂ ਜੇਕਰ ਇਹ ਕਹਿ ਦਿੱਤਾ ਜਾਵੇ ਕਿ ਜਪੁਜੀ ਸਾਹਿਬ ਅਤੇ ਭਾਰਤੀ ਮੱਤ ਅੰਤਰ ਸੰਵਾਦ ਕਰਦੇ ਨਜ਼ਰ ਆਉਂਦੇ ਹਨ ਤਾਂ ਇਹ ਗੱਲ ਬੜੀ ਯਥਾਰਥਕ ਹੈ। ਇਥੇ ਇੱਕ ਗੱਲ ਜਾਣ ਲੈਣੀ ਜ਼ਰੂਰੀ ਹੈ ਕਿ ਇਸ ਤਰ੍ਹਾਂ ਕਹਿਣ ਨਾਲ ਜਪੁਜੀ ਦੀ ਮਹਾਨਤਾ ਘੱਟਦੀ ਨਹੀਂ, ਸਗੋਂ ਗੁਰੂ ਕਵੀ ਨੇ ਤਾਂ ਪੁਰਾਤਨ ਵਿਚਾਰਧਾਰਾ ਤੋਂ ਕੁਝ ਗ੍ਰਹਿਣ ਕੀਤਾ, ਪ੍ਰਚੱਲਤ ਵਿਚਾਰਧਾਰਾ ਦਾ ਵਿਰੋਧ ਕੀਤਾ ਅਤੇ ਆਪਣੀ ਨਵੀਂ ਕਹਿਣੀ ਰਾਹੀਂ ਸਮਾਜ ਲਈ ਸਾਰਥਕ ਵਿਚਾਰਧਾਰਾ ਦਾ ਪ੍ਰਗਟਾਵਾ ਕੀਤਾ, ਇਸਦੇ ਨਾਲ ਹੀ ਗੁਰੂ ਕਵੀ ਨੇ ਵਾਸਤਵਿਕ ਮਹੱਤਵ ਖਤਮ ਕਰ ਚੁੱਕੇ ਕੁਝ ਮਤਾਂ ਨੂੰ ਉਨ੍ਹਾਂ ਦੇ ਅਸਲੀ ਮਹੱਤਵ ਤੋਂ ਜਾਣੂ ਕਰਾਇਆ।

ਗੁਰੂ ਨਾਨਕ ਦੇਵ ਦੇ ਸਮੇਂ ਤੋਂ ਪਹਿਲਾਂ ਪੰਜਾਬ ਦੀ ਧਰਤੀ ਉੱਤੇ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਜੋਗ ਮੱਤ ਅਤੇ ਇਸਲਾਮ ਦਾ ਬਹੁਤ ਪ੍ਰਭਾਵ ਸੀ। ਸਿੱਧਾਂ ਅਤੇ ਨਾਥਾਂ ਦਾ ਪ੍ਰਭਾਵ, ਗੁਰੂ ਨਾਨਕ ਦੇ ਸਮੇਂ ਵਿੱਚ ਕਾਫੀ ਜ਼ਿਆਦਾ ਸੀ, ਜਿਸ ਦਾ ਪਤਾ ਉਨ੍ਹਾਂ ਦੀ ਰਚਨਾ 'ਸਿੱਧ ਗੋਸ਼ਟਿ' ਤੋਂ ਲਗਦਾ ਹੈ। ਗੁਰੂ ਨਾਨਕ ਦੇ ਸਮੇਂ ਜਿੱਥੇ ਮੁਸਲਮਾਨ ਹਾਕਮ ਆਪਣੇ ਰਾਜ ਦੀਆਂ ਹੱਦਾਂ ਨੂੰ ਵਧਾ ਰਹੇ ਸਨ, ਉਥੇ ਉਹ ਆਪਣੇ ਧਰਮ ਦੇ ਖੇਤਰ ਨੂੰ ਵੀ ਚੌੜਾ ਕਰ ਰਹੇ ਸਨ। ਇਸਲਾਮੀ ਮੱਤ ਦੇ ਪ੍ਰਭਾਵ ਦਾ ਗਿਆਨ ਗੁਰੂ ਨਾਨਕ ਰਚਿਤ 'ਬਾਬਰਵਾਣੀ' ਤੋਂ ਹੁੰਦੀ ਹੈ। ਗੁਰੂ ਨਾਨਕ ਦੇਵ ਜਨਸਧਾਰਨ ਦੇ ਪ੍ਰਤੀਨਿਧ ਹੋਏ ਹਨ। ਉਨ੍ਹਾਂ ਨੇ ਆਮ ਲੋਕਾਂ ਦੀ ਉੱਨਤੀ ਲਈ ਬਹੁਤ ਸਾਰੇ ਇਲਾਕਿਆਂ ਦਾ ਦੌਰਾ ਕੀਤਾ। ਭਾਰਤੀ ਦਰਸ਼ਨ ਦੇ ਸੰਬੰਧ ਵਿੱਚ ਉਨ੍ਹਾਂ ਨੇ ਜੋ ਗਿਆਨ ਹਾਸਲ ਕੀਤਾ, ਉਸਨੂੰ ਲੋਕਾਂ ਦੀ ਜ਼ਰੂਰਤ ਦੇ ਮੁਤਾਬਕ ਨਵਾਂ ਰੂਪ ਦਿੱਤਾ ।

ਜਪੁਜੀ ਦੀ ਬਾਣੀ ਵਿਸ਼ੇਸ਼ ਤੌਰ ਤੇ ਵੇਦਾਂਤ ਨਾਲ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਅੰਤਰ ਸੰਵਾਦ ਰਚਾਉਂਦੀ ਪ੍ਰਤੀਤ ਹੁੰਦੀ ਹੈ । ਜਪੁਜੀ ਦੇ ਰਚਨਾ ਕਾਲ ਤੋਂ ਕਾਫ਼ੀ ਪਹਿਲਾਂ ਉਪਨਿਸ਼ਦਾਂ ਵਿੱਚ ਪਰਮਾਤਮਾ ਨੂੰ ਇੱਕ ਮੰਨਦਿਆਂ ਹੋਇਆਂ ਉਸਨੂੰ ਆਪਣੇ ਆਪ ਤੋਂ ਪੈਦਾ ਹੋਇਆ, ਸ਼੍ਰਿਸ਼ਠੀ ਦਾ ਸਿਰਜਕ, ਪਾਲਕ, ਨਿਰਭਉ, ਨਿਰਵੈਰ, ਆਦਿ, ਅਨੀਲ, ਅਨਾਦਿ, ਅਨਾਹਿਤ, ਅਨੰਦ ਆਦਿ ਵਿਸ਼ੇਸ਼ਤਾ ਨਾਲ ਸੰਬੋਧਿਤ ਕੀਤਾ ਗਿਆ ਹੈ। ਵੇਦਾਂਤ ਦਾ ਪੰਜ ਕੋਸ਼ਾਂ (ਜਾਂ ਭੂਮਿਕਾਵਾਂ) ਦਾ ਸਿਧਾਂਤ ਪੰਜ ਖੰਡਾਂ ਦੇ ਪ੍ਰਕਰਣ ਵਿੱਚ, ਸਾਡੇ ਖ਼ਿਆਲ ਅਨੁਸਾਰ, ਬਹੁਤ ਮਹੱਤਵ ਰੱਖਦਾ ਹੈ। ਇਹ ਕੋਸ਼ ਆਤਮਾ ਦੇ ਨਿਵਾਸ ਜਾਂ ਮਿਆਨਾਂ ਹਨ। ਕ੍ਰਮਵਾਰ ਇਹ ਇੱਕ ਦੂਜੇ ਤੋਂ ਵਧੇਰੇ ਸੂਖ਼ਮ ਹਨ। ਆਤਮਾ ਸੂਖ਼ਮਤਮ ਹੈ। ਸੂਖ਼ਮ ਵਸਤ ਸਥੂਲ ਵਿੱਚ ਸਮਾ ਜਾਂਦੀ ਹੈ। ਆਤਮਾ ਸਭ ਕੋਸ਼ਾਂ ਤੋਂ ਭਿੰਨ ਹੈ, ਪਰ ਸਭ ਵਿੱਚ ਵਿਆਪਕ ਭੀ ਹੈ। ਇਸੇ ਤਰ੍ਹਾਂ ਦੂਜਾ ਕੋਸ਼ ਪਹਿਲੇ ਵਿੱਚ ਵਿਆਪਕ ਹੈ, ਤੀਜਾ ਪਹਿਲੇ ਦੋਹਾਂ ਵਿੱਚ, ਇਤਿਆਦਿਕ। ਪੰਜ ਕੋਸ਼ਾਂ ਦਾ ਵਰਣਨ ਆਮ ਤੌਰ ਉੱਤੇ ਮਨੁੱਖੀ ਵਿਅਕਤਿਤਵ ਦੇ ਵਿਸ਼ਲੇਸ਼ਣ ਵਜੋਂ ਕੀਤਾ ਜਾਂਦਾ ਹੈ ਪਰ ਇਹ ਵਿਸ਼ਵ ਦੇ ਵਿਸ਼ਲੇਸ਼ਣ ਨਾਲ ਭੀ ਸੰਬੰਧਿਤ ਹੈ ।[1] ਗੁਰੂ ਨਾਨਕ ਦੇਵ ਨੇ ਜਪੁਜੀ ਦੇ ਆਦਿ ਵਿੱਚ ਪਰਮਾਤਮਾ ਦੇ ਅਜਿਹੇ ਸਰੂਪ ਵਿਚ ਵਿਸ਼ਵਾਸ਼ ਪ੍ਰਗਟ ਕੀਤਾ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਜਪੁ
ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥[2]

ਹਰ ਉਪਾਸਨਾ ਵਿਚ ਕੁਝ ਮੂਲ ਮੰਤ੍ਰ ਹੁੰਦੇ ਹਨ ਜੋ ਚਿੰਤਨ ਲਈ ਹੁੰਦੇ ਹਨ । ਜਿਵੇਂ ਭਾਗਵਤ ਸੰਪ੍ਰਦਾਇ ਵਿਚ 'ਦ੍ਵਾਦਸ਼ ਅਕ੍ਸ਼ਰ ਮੰਤ੍ਰ', ਰਾਮ ਸੰਪ੍ਰਦਾਇ ਵਿਚ 'ਤ੍ਰਿਯੋਦਸ਼ ਅਕ੍ਸ਼ਰ ਮੰਤ੍ਰ, ਸ਼ਿਵ ਸੰਪ੍ਰਦਾਇ ਵਿਚ 'ਪੰਚਾਕਸ਼ਰ ਮੰਤ੍ਰ', ਤਿਵੇਂ ਹੀ ਸਿੱਖਾਂ ਦਾ ਇਹ ਮੂਲ ਮੰਤ੍ਰ ਹੈ ਜਿਸ ਦੇ ਦ੍ਰਸ਼ਟਾ (ਦਾਨਾ ਬੀਨਾ) ਰਿਖੀ ਨਾਨਕ ਹਨ । ਮੰਤ੍ਰਾਂ ਦੇ ਕੋਈ ਕਰਤਾ (ਲੇਖਕ) ਨਹੀਂ ਹੁੰਦੇ, ਸਗੋਂ ਦ੍ਰਸ਼ਟਾ ਹੁੰਦੇ ਹਨ । ਰਿਖੀਆਂ ਨੂੰ ਦਰਸ਼ਨ ਹੁੰਦੇ ਹਨ; ਜੇ ਇਸਲਾਮ ਦੀ ਧਾਰਣਾ ਵਿਚ ਦੱਸਣਾ ਹੋਵੇ ਤਾਂ ਕਹਾਂਗੇ, 'ਵਹੀ ਹੁੰਦੀ ਹੈ । ਇਸ ਦੇ ਆਰੰਭ ਵਿਚ ਇਕ ਦਾ ਅੰਕ [੧] ਦੇਂਦੇ ਹਨ, ਅੱਖਰ ਨਹੀਂ । ਪਰਮੇਸ਼ਰ ਦੀ ਏਕਤਾ ਸਭ ਧਰਮਾਂ ਦੀ ਨੀਂਹ ਹੈ।[3]

ਅਦ੍ਵੈਤਵਾਦੀਆਂ ਨੇ ਗੁਰਮਤਿ ਤੇ ਵੇਦਾਂਤ ਦੇ ਅੰਤਰ ਸੰਵਾਦ ਕਾਰਨ ਇਨ੍ਹਾਂ ਨੂੰ ਇੱਕ ਹੀ ਦੱਸਣ ਦਾ ਯਤਨ ਕੀਤਾ ਹੈ, ਸ਼ੰਕਰਾਚਾਰੀਆ ਦੇ ਅਦਵੈਤਵਾਦ ਦਾ ਅਸਰ ਭਾਰਤ ਦੇ ਸਾਰੇ ਧਰਮਾਂ ਅਤੇ ਦਰਸ਼ਨਾਂ ਉੱਤੇ ਹੋਇਆ ਹੈ। ਪਰਮਾਤਮਾ ਦੇ ਸੰਬੰਧ ਵਿੱਚ ਗੁਰਮਤਿ ਅਤੇ ਵੇਦਾਂਤ ਦਾ ਮਤ ਇਕ ਹੈ। ਦੋਵੇਂ ਹੀ ਪਰਮਾਤਮਾ ਨੂੰ ਸਤ ਮੰਨਦੇ ਹਨ, ਮਾਇਆ ਦੇ ਪ੍ਰਭਾਵ ਕਾਰਨ ਦੁਨੀਆਂ ਮਿੱਠੀ ਪਿਆਰੀ ਤੇ ਸਥਾਈ ਲੱਗਦੀ ਹੈ। ਜੀਵ ਵਿੱਚ ਅਗਿਆਨਤਾ ਉਦੋਂ ਤੱਕ ਰਹਿੰਦੀ ਹੈ ਜਦੋਂ ਤੱਕ ਉਹ ਮਾਇਆ ਦੇ ਪ੍ਰਭਾਵ ਵਿੱਚ ਗ੍ਰਸਿਆ ਰਹਿੰਦਾ ਹੈ। ਜਿਸ ਤਰ੍ਹਾਂ ਭਰਮ ਦੇ ਕਾਰਨ ਹਨ੍ਹੇਰੇ ਵਿੱਚ ਪਈ ਹੋਈ ਰੱਸੀ ਸੱਪ ਲੱਗਦੀ ਹੈ, ਉਸੇ ਤਰ੍ਹਾਂ ਹੀ ਅਗਿਆਨੀ ਜੀਵ ਆਤਮਾ ਪਰਮਾਤਮਾ ਨਾਲੋਂ ਟੁੱਟਕੇ ਆਪਣੀ ਹਸਤੀ ਦੀ ਹੋਂਦ ਨੂੰ ਵੱਖਰੀ ਸਮਝਣ ਲੱਗ ਪੈਂਦੀ ਹੈ। ਗੁਰੂ ਕਵੀ ਨੇ ਜਪੁਜੀ ਵਿੱਚ ਮਾਇਆ ਦੇ ਇਸੇ ਸਿਧਾਂਤ ਨੂੰ ਸਵੀਕਾਰ ਕਰਦਿਆਂ ਹੋਇਆਂ ਸ਼ੁਰੂ ਵਿੱਚ ਹੀ ਇਸ ਵਿਚਲੀ ਅਸਲ ਸਮੱਸਿਆ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਪੇਸ਼ ਕੀਤੀ ਅਰਥਾਤ ਗੁਰੂ ਸਾਹਿਬਾਨ ਨੇ ਦੱਸਿਆ ਹੈ ਕਿ ਜੀਵ ਅਤੇ ਪਰਮਾਤਮਾ ਵਿੱਚ ਅਗਿਆਨ ਤੇ ਮਾਇਆ ਦੀ ਜੋ ਕੰਧ ਪਈ ਹੈ, ਉਸਨੂੰ ਕਿਵੇਂ ਤੋੜਿਆ ਜਾ ਸਕਦਾ ਹੈ ਅਤੇ ਬ੍ਰਹਮ ਨਾਲ ਕਿਸ ਤਰ੍ਹਾਂ ਏਕਤਾ ਸਥਾਪਿਤ ਕੀਤੀ ਜਾ ਸਕਦੀ ਹੈ।

ਜਿੱਥੇ ਗੁਰੂ ਨਾਨਕ ਦੇਵ ਨੇ ਵੇਦਾਂਤਕ ਦਰਸ਼ਨ ਨੂੰ ਕਿਸੇ ਹੱਦ ਤੱਕ ਸਵੀਕਾਰ ਕੀਤਾ ਹੈ ਉਥੇ ਨਾਲ ਹੀ ਸਮੇਂ ਦੀ ਲੋੜ ਅਨੁਸਾਰ ਵੇਦਾਂਤ ਦਾ ਵਿਰੋਧ ਵੀ ਕੀਤਾ ਹੈ। ਉਨ੍ਹਾਂ ਨੇ ਜਿੱਥੇ ਸ਼ੰਕਰਾਚਾਰੀਆ ਦੇ ਸੰਨਿਆਸ ਦਾ ਵਿਰੋਧ ਕੀਤਾ ਹੈ ਉਥੇ ਨਾਲ ਹੀ ਵੇਦਾਂਤੀਆਂ ਦੇ ਖੁਸ਼ਕ ਮਾਰਗ ਦੀ ਵੀ ਵਿਰੋਧਤਾ ਕੀਤੀ ਹੈ। ਵੇਦਾਂਤੀ ਤਾਂ ਕੇਵਲ ਗਿਆਨ ਮਾਰਗ ਰਾਹੀਂ ਹੀ ਪਰਮਾਤਮਾ ਤੱਕ ਪਹੁੰਚਣਾ ਚਾਹੁੰਦੇ ਹਨ ਪਰ ਗੁਰੂ ਨਾਨਕ ਦੇਵ ਗਿਆਨ ਮਾਰਗ ਤੇ ਨਹੀਂ ਸਗੋਂ ਭਾਓ ਭਗਤੀ ਦੇ ਮਾਰਗ ਤੇ ਚੱਲਦਾ ਹੈ। ਜੀਵ ਪ੍ਰੇਮ ਭਗਤੀ ਦੁਆਰਾ ਹੀ ਪਰਮਾਤਮਾ ਤੱਕ ਪਹੁੰਚ ਸਕਦਾ ਹੈ ਅਤੇ ਸਿੱਟੇ ਵਜੋਂ ਦੁੱਖਾਂ ਦੀ ਨਵਿਰਤੀ ਅਤੇ ਸੁੱਖਾਂ ਦੀ ਪ੍ਰਾਪਤੀ ਕਰ ਸਕਦਾ ਹੈ। ਜਿੱਥੇ ਗੁਰੂ ਨਾਨਕ ਦੇਵ ਨੇ ਪਰਮਾਤਮਾਈ ਪਿਆਰ ਦੀ ਪ੍ਰਾਪਤੀ ਲਈ 'ਗਾਵੀਐ ਸੁਣੀਐ ਮਨਿ ਰਖੀਐ ਭਾਉ' ਦਾ ਮਾਰਗ ਦਿਖਾਇਆ ਹੈ ਉਥੇ ਆਪ ਨੇ ਵੇਦਾਂਤ ਦੇ ਖੁਸ਼ਕ ਮਾਰਗ ਦੀ ਵੀ ਇਸ ਤਰ੍ਹਾਂ ਆਲੋਚਨਾ ਕੀਤੀ ਹੈ ।

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥[4]

ਗੁਰੂ ਨਾਨਕ ਦੇਵ ਤੋਂ ਪਹਿਲਾਂ ਜੋਗਮਤ ਕਾਫੀ ਪ੍ਰਚੱਲਤ ਹੋ ਗਿਆ ਸੀ। ਸਿੱਧਾਂ ਤੇ ਜੋਗੀਆਂ ਦੇ ਡੇਰੇ ਪੰਜਾਬ ਦੀ ਧਰਤੀ ਉਤੇ ਕਈ ਥਾਵਾਂ ਤੇ ਮਿਲਦੇ ਸਨ। ਜੋਗ ਦਾ ਅਸਲੀ ਅਰਥ ਚਿਤ ਬਿਰਤੀਆਂ ਦਾ ਵਿਰੋਧ ਹੈ ਪਰ ਇਸਦੇ ਨਾਲ ਹੀ ਜੋਗੀਆਂ ਨੂੰ ਕੁੱਝ ਕਰਮ ਅਨੁਸ਼ਾਸ਼ਨ ਵੀ ਕਰਨੇ ਪੈਂਦੇ ਸਨ, ਜਿਨ੍ਹਾਂ ਦਾ ਸੰਬੰਧ ਸਰੀਰ ਨਾਲ ਹੁੰਦਾ ਹੈ ਜਿਹਾ ਕਿ ਸਮਾਧੀ ਲਗਾਉਣੀ, ਸੁਆਸ ਚੜ੍ਹਾਉਣੇ, ਆਪਣੇ ਸਰੀਰ ਤੇ ਸੁਆਹ ਮਲਣੀ, ਸੰਖ ਵਜਾਉਣਾ, ਭਿਖਿਆ ਮੰਗਣੀ, ਕੰਨਾਂ ਵਿੱਚ ਮੁੰਦਰਾਂ ਪਾਉਣੀਆਂ, ਸਰੀਰ ਤੇ ਗੋਦੜੀ ਪਹਿਨਣੀ ਆਦਿ। ਜੋਗੀ ਆਪਣੀ ਸਰੀਰਕ ਸ਼ਕਤੀ ਨੂੰ ਕਾਇਮ ਕਰ ਕੇ ਆਪਣੀ ਉਮਰ ਲੰਬੀ ਕਰ ਲੈਂਦੇ ਸਨ ਅਤੇ ਘਰ ਬਾਰ ਦਾ ਤਿਆਰ ਕਰਕੇ ਜੰਗਲਾਂ ਵਿੱਚ ਜਾ ਵਸਦੇ ਸਨ। ਗੁਰੂ ਨਾਨਕ ਦੇ ਸਮੇਂ ਜੋਗਮਤ ਇੱਕ ਦਿਖਾਵਾ ਬਣ ਕੇ ਰਹਿ ਗਿਆ ਸੀ। ਗੁਰੂ ਨਾਨਕ ਨੇ ਜਿਥੇ ਜੋਗ ਦੇ ਆਤਮਕ ਪੱਖ ਅਰਥਾਤ ਚਿੱਤ ਬਿਰਤੀਆਂ ਦੇ ਵਿਰੋਧ ਦਾ ਸਮਰਥਨ ਕੀਤਾ ਉਥੇ ਨਾਲ ਹੀ ਜੋਗੀਆਂ ਵਿਚਲੇ ਕਰਮ ਕਾਂਡ ਦੀ ਵਿਰੋਧਤਾ ਕੀਤੀ । ਜਿਵੇਂ

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥[5]

ਕਰਮ ਮਾਰਗ ਭਾਰਤੀ ਦਰਸ਼ਨ ਦਾ ਉਘੜਵਾਂ ਦਰਸ਼ਨ ਹੈ। ਕਰਮ ਤੋਂ ਭਾਵ ਕਾਰਜ ਲਿਆ ਜਾਂਦਾ ਹੈ। ਭਗਵਤ ਗੀਤਾ ਵਿੱਚ ਆਇਆ ਹੈ ਕਿ ਮਨੁੱਖ ਨੂੰ ਕੀਤੇ ਕਰਮਾਂ ਦਾ ਫ਼ਲ ਭੁਗਤਨਾ ਪੈਂਦਾ ਹੈ। ਸੋ ਚੰਗੇ ਕਰਮਾਂ ਦਾ ਨਤੀਜਾ ਸਫ਼ਲ ਅਤੇ ਕੁਕਰਮ ਦਾ ਨਤੀਜਾ ਕੁਫਲ ਹੁੰਦਾ ਹੈ। ਗੁਰੂ ਸਾਹਿਬ ਨੇ ਜਪੁਜੀ ਵਿੱਚ ਕਰਮਾਂ ਦੇ ਮੁਤਾਬਿਕ ਹੀ ਇਨਸਾਨ ਦੀ ਆਚਰਣ ਉਸਾਰੀ ਕੀਤੀ ਹੈ, ਕੀਤੇ ਹੋਏ ਕਰਮਾਂ ਦਾ ਅਸਰ ਮਨੁੱਖ ਉੱਤੇ ਹੁੰਦਾ ਹੈ। ਜਦੋਂ ਕਿਸੇ ਚੰਗੇ ਕੰਮ ਨੂੰ ਬਾਰ-ਬਾਰ ਦੁਹਰਾਇਆ ਜਾਂਦਾ ਹੈ ਤਾਂ ਉਹ ਕਰਮ ਮਨੁੱਖ ਦੇ ਆਚਰਣ ਨੂੰ ਇੱਕ ਪਾਸੇ ਮੋੜ ਦਿੰਦਾ ਹੈ। ਜਪੁਜੀ ਵਿੱਚ ਗੁਰੂ ਕਵੀ ਨੇ ਦਰਸਾਇਆ ਹੈ ਕਿ ਇਨਸਾਨ ਦੁਆਰਾ ਕੀਤੇ ਕਰਮਾਂ ਅਨੁਸਾਰ ਹੀ ਮਨੁੱਖ ਨੂੰ ਜ਼ਿੰਦਗੀ

ਮਿਲਦੀ ਹੈ ਅਤੇ ਫਿਰ ਕੀਤੇ ਕਰਮਾਂ ਅਨੁਸਾਰ ਹੀ ਉਸਨੂੰ ਪਰਮਾਤਮਾ ਦੀ ਨਜ਼ਦੀਕੀ ਅਤੇ ਦੂਰੀ ਦਾ ਅਹਿਸਾਸ ਹੁੰਦਾ ਹੈ। ਕਰਮਾਂ ਤੋਂ ਬਿਨਾਂ ਇਨਸਾਨ ਨੂੰ ਕੁੱਝ ਵੀ ਪ੍ਰਾਪਤ ਨਹੀਂ ਹੁੰਦਾ ।

- ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
  ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥[6]

- ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥[7]

ਭਾਰਤੀ ਦਰਸ਼ਨ ਵਿੱਚ ਮੁਕਤੀ ਦਾ ਪੱਖ ਬੜੇ ਹੀ ਮਹੱਤਵਪੂਰਨ ਢੰਗ ਨਾਲ ਪੇਸ਼ ਹੋਇਆ ਮਿਲਦਾ ਹੈ। ਸਾਰਿਆਂ ਮਤਾਂ ਦਾ ਅੰਤਮ ਲਕਸ਼ ਮੁਕਤੀ ਦੀ ਪ੍ਰਾਪਤੀ ਹੈ। ਮੁਕਤੀ ਤੋਂ ਭਾਵ ਮੌਤ ਤੋਂ ਬਾਅਦ ਪ੍ਰਾਪਤ ਹੋਈ ਕੋਈ ਉੱਤਮ ਅਵਸਥਾ ਨਹੀਂ ਸਗੋਂ ਇਸ ਤੋਂ ਭਾਵ ਤਾਂ ਜੀਵਨ ਵਿੱਚ ਹੀ ਪ੍ਰਾਪਤ ਹੋਣ ਵਾਲੀ ਇੱਕ ਅਜਿਹੀ ਅਵਸਥਾ ਹੈ ਜਿੱਥੇ ਕਿ ਮਨੁੱਖ ਆਪਣੀਆਂ ਕਾਮਨਾਵਾਂ ਤੋਂ ਸੁਤੰਤਰ ਹੋ ਜਾਂਦਾ ਹੈ। ਜਿਸ ਤਰ੍ਹਾਂ ਪਾਣੀ ਦਾ ਕਤਰਾ ਦਰਿਆ ਵਿੱਚ ਰਲਕੇ ਆਪਣੀ ਹਸਤੀ ਨੂੰ ਗੁਆ ਦਿੰਦਾ ਹੈ, ਇਸੇ ਤਰ੍ਹਾਂ ਹੀ ਜੀਵ ਦੀ ਹਸਤੀ ਬ੍ਰਹਮ ਨਾਲ ਅਭੇਦ ਹੋਣ ਤੋਂ ਬਾਅਦ ਉਸ ਵਿੱਚ ਸਮਾ ਜਾਂਦੀ ਹੈ। ਜਪੁਜੀ ਵਿੱਚ ਮੁਕਤੀ ਦੇ ਸੰਬੰਧ ਵਿੱਚ ਵਿਚਾਰ ਕਰਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਜਿੱਥੇ ਵਿਅਕਤੀ ਨੂੰ ਕੀਤੇ ਹੋਏ ਕਰਮਾਂ ਅਨੁਸਾਰ ਸਰੀਰ ਦੀ ਪ੍ਰਾਪਤੀ ਹੁੰਦੀ ਹੈ ਉਥੇ ਪਰਮਾਤਮਾ ਦੀ ਮਿਹਰ ਦੁਆਰਾ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਪਰਮਾਤਮਾ ਦੀ ਮਰਜ਼ੀ ਦੁਆਰਾ ਵਿਅਕਤੀ ਮਾਇਆ ਦੇ ਬੰਧਨਾਂ ਵਿੱਚ ਬੱਝਦਾ ਹੈ ਅਤੇ ਮਿਹਰ ਦੁਆਰਾ ਹੀ ਮੁਕਤ ਹੁੰਦਾ ਹੈ।

- ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥
  ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥
  ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥
  ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥[8]

- ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
  ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥[9]

ਗੁਰੂ ਨਾਨਕ ਦੇਵ ਨੇ ਵੇਦਾਂਤ ਦੀ ਵਿਅਕਤੀਗਤ ਮੁਕਤੀ ਦੇ ਵਿਪਰੀਤ ਸਮਸ਼ਟੀਗਤ ਮੁਕਤੀ ਉਤੇ ਜ਼ੋਰ ਦਿੱਤਾ ਹੈ। ਗੁਰੂ ਨਾਨਕ ਦਾ ਮੱਤ ਕੇਵਲ ਕੁਝ ਕੁ ਬੰਦਿਆਂ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਕਰਨ ਦਾ ਨਹੀਂ। ਉਹਨਾਂ ਦਾ ਪ੍ਰਯੋਜਨ ਤਾਂ ਸਮੁੱਚੇ ਸਮਾਜ ਦੀ ਧਾਰਾ ਨੂੰ ਹੀ ਆਤਮਕ ਵਿਕਾਸ ਵਾਲੇ ਪਾਸੇ ਪਾਉਣ ਦਾ ਹੈ। ਉਨ੍ਹਾਂ ਅਨੁਸਾਰ ਤਾਂ 'ਗਾਵੀਐ ਸੁਣੀਐ ਮਨਿ ਰਖੀਐ ਭਾਉ' ਦਾ ਅਵਲੰਭੀ ਸਾਧਕ ਆਪਣੀ ਅੰਤਰ ਆਤਮਾ ਨੂੰ ਪ੍ਰਕਾਸ਼ਿਤ ਕਰਕੇ ਜਦੋਂ 'ਰਾਮ ਵਸੈ ਮਨਿ ਮਾਹਿ' ਦੀ ਅਵਸਥਾ ਤੇ ਪਹੁੰਚ ਜਾਂਦਾ ਹੈ ਤਾਂ ਉਸਦੀ ਅੰਤਰਆਤਮਾ ਵਿੱਚ ਇਤਨੀ ਸਥਿਰਤਾ ਤੇ ਪ੍ਰਬਲਤਾ ਆ ਜਾਂਦੀ ਹੈ ਕਿ ਉਹ ਕੇਵਲ ਆਪਣੇ ਆਪ ਹੀ ਮੁਕਤੀ ਪਦ ਦਾ ਅਧਿਕਾਰੀ ਨਹੀਂ ਬਣਦਾ ਸਗੋਂ ਉਹ ਗੁਰਸਿੱਖਾਂ ਨੂੰ ਅਤੇ ਆਪਣੇ ਪਰਿਵਾਰ ਨੂੰ ਆਪਣੇ ਨਾਲ ਮੁਕਤ ਕਰਾਉਣ ਦੇ ਸਮਰੱਥ ਹੋ ਜਾਂਦਾ ਹੈ। ਉਹ ਤਾਂ 'ਕੇਤੀ ਛੁਟੀ ਨਾਲਿ' ਦੀ ਵਚਿਤਰ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ :

ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥

ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥

ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥[10]

ਇਸ ਤਰ੍ਹਾਂ ਜਪੁਜੀ ਆਪਣੇ ਸਮਕਾਲੀ ਅਤੇ ਪੂਰਵਕਾਲੀ ਮਤਾਂ ਮਤਾਤਰਾਂ ਨਾਲ ਅੰਤਰ ਸੰਵਾਦ ਰਚਾਉਂਦੀ ਪ੍ਰਤੀਤ ਹੁੰਦੀ ਹੈ। ਗੁਰੂ ਕਵੀ ਜਿਥੇ ਪੂਰਵ ਪ੍ਰਚਲਿਤ ਮਤਾਂ ਮਤਾਤਰਾਂ ਦੇ ਪ੍ਰਭਾਵਾਂ ਨਾਲ ਯਥਾਰਥ ਰੂਪ ਵਿੱਚ ਸੰਵਾਦ ਰਚਾਉਂਦੇ ਹਨ ਉਥੇ ਵਕਤ ਦੀਆਂ ਲੋੜਾਂ ਤੇ ਜ਼ਰੂਰਤਾਂ ਅਨੁਸਾਰ ਪਰਿਵਰਤਿਤ ਰੂਪ ਨੂੰ ਪ੍ਰਭਾਵਿਤ ਕਰਦੇ ਹਨ। ਜਿਥੇ ਉਨ੍ਹਾਂ ਨੂੰ ਪੁਰਾਤਨ ਵਿਚਾਰਧਾਰਾ ਵਿੱਚ ਕੋਈ ਘਾਟ ਨਜ਼ਰ ਆਈ, ਉਥੇ ਉਸਦਾ ਬੜਾ ਨਿਆਏਪੂਰਕ ਢੰਗ ਨਾਲ ਖੰਡਨ ਕਰਦਿਆਂ ਉਸਨੂੰ ਬੜੇ ਉਸਾਰੂ ਤੇ ਉਪਯੋਗੀ ਸੁਝਾਅ ਦਿੱਤੇ ਹਨ ।

## ਹਵਾਲੇ ਅਤੇ ਟਿੱਪਣੀਆਂ

1. Deussen, Paul, *The Philosophy of the Upanishads,* Edinburgh, 1919, p. 97.
2. ਗੁਰੂ ਗ੍ਰੰਥ ਸਾਹਿਬ, ਪੰਨਾ 1
3. ਵਿਨੋਬਾ ਭਾਵੇ, ਜਪੁਜੀ,, ਅਨੁਵਾਦਕ ਡਾ. ਸੀਤਾ ਰਾਮ ਬਾਹਰੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 6
4. ਗੁਰੂ ਗ੍ਰੰਥ ਸਾਹਿਬ, ਪੰਨਾ 1
5. ਗੁਰੂ ਗ੍ਰੰਥ ਸਾਹਿਬ, ਪੰਨਾ 6
6. ਗੁਰੂ ਗ੍ਰੰਥ ਸਾਹਿਬ, ਪੰਨਾ 2
7. ਗੁਰੂ ਗ੍ਰੰਥ ਸਾਹਿਬ, ਪੰਨਾ 2
8. ਗੁਰੂ ਗ੍ਰੰਥ ਸਾਹਿਬ, ਪੰਨਾ 5
9. ਗੁਰੂ ਗ੍ਰੰਥ ਸਾਹਿਬ, ਪੰਨਾ 2
10. ਗੁਰੂ ਗ੍ਰੰਥ ਸਾਹਿਬ, ਪੰਨਾ 3

## ਪੁਸਤਕ ਸੂਚੀ


1. ਆਦਿ ਗ੍ਰੰਥ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।
2. ਅਮਰਜੀਤ ਸਿੰਘ ਗਰੇਵਾਲ (ਸੰਪਾ.) — ਵਿਸਮਾਦ ਨਾਦ ਜਿਲਦ ਪਹਿਲੀ, ਇੰਟਰਨੈਸ਼ਨਲ ਇਨਸਟੀਚਿਊਟ ਆਫ਼ ਗੁਰਮਤਿ ਸਟੱਡੀਜ਼, ਲੁਧਿਆਣਾ, 1994
3. ਸਰੂਪ ਸਿੰਘ ਅਲੱਗ — ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਅਲੱਗ ਸ਼ਬਦ ਯੱਗ ਚੈਰੀਟੇਬਲ ਟਰੱਸਟ, ਲੁਧਿਆਣਾ 2003 ।
4. ਜਸਵਿੰਦਰ ਕੌਰ ਢਿੱਲੋਂ (ਡਾ.) — ਗੁਰੂ ਗ੍ਰੰਥ ਸਾਹਿਬ ਦੇ ਵਿਵਿਧ ਪਰਿਖੇਪ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004 ।

5. ਰਾਜਿੰਦਰ ਸਿੰਘ (ਡਾ.) ਗੁਰੂ ਗ੍ਰੰਥ ਸਾਹਿਬ ਵਿੱਚ ਜੀਵ ਜੰਤੂ ਅਤੇ ਪੌਦਿਆਂ ਦਾ ਚਿੱਤਰਣ, ਸ੍ਵੈ ਪ੍ਰਕਾਸ਼ਨ, ਨਾਨਕ ਨਗਰ, ਜੰਮੂ, 2011

## ਮਾਸਕ ਪੱਤਰ ਅਤੇ ਰਸਾਲੇ

ਖੋਜ ਪਤ੍ਰਿਕਾ (ਗੁਰਮਤਿ ਕਾਵਿ ਅੰਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1985

ਖੋਜ ਪਤ੍ਰਿਕਾ ਅੰਕ 62 ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 2010